OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਂਚ**

160241-160331-

## ਹੁਕਮ

ਇਸ ਦਫਤਰ ਦੇ ਵੇਖਣ ਵਿੱਚ ਆਇਆ ਹੈ ਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਕੁਝ ਮੋਟਰਸਾਈਕਲ ਮਕੈਨਿਕਾ/ਵਰਕਸ਼ਾਪਾ ਦੇ ਮਾਲਕਾ ਵੱਲੋ ਬੁਲਟ ਮੋਟਰਸਾਈਕਲ ਦੇ ਸਾਈਲੰਸਰ ਬਦਲੀ ਕਰਕੇ ਮੋਡੀਫਾਈ ਸਾਈਲੰਸਰ ਜਿਵੇ ਕਿ ਉਚੀ ਅਵਾਜ ਵਾਲਾ ਜਾਂ ਪਟਾਕੇ ਮਾਰਨ ਵਾਲਾ ਸਾਈਲੰਸਰ ਲਗਾਇਆ ਜਾ ਰਿਹਾ ਹੈ। ਜਿਸ ਨਾਲ ਧੁੰਨੀ ਪ੍ਰਦੂਸ਼ਨ ਪੈਦਾ ਹੁੰਦਾ ਹੈ। ਅਜਿਹਾ ਹੋਣ ਨਾਲ ਹਸਪਤਾਲਾ ਅੰਦਰ ਦਾਖਲ ਮਰੀਜਾ ਅਤੇ ਆਮ ਪਬਲਿਕ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪੈਦਾ ਹੈ ਅਤੇ ਇਹ ਧੁੰਨੀ ਪ੍ਰਦੂਸ਼ਨ ਕਈ ਵਾਰ ਬੱਚਿਆ ਅਤੇ ਬਜੁਰਗਾ ਨੂੰ ਕੰਨਾ ਦੀਆ ਭਿਆਨਕ ਬਿਮਾਰੀਆ ਪੈਦਾ ਕਰਦਾ ਹੈ। ਇਸ ਤੋ ਇਲਾਵਾ ਆਮ ਜਨਤਾ ਵੱਲੋ ਨਿੱਜੀ ਵਾਹਨਾ ਤੇ ਵੀ.ਆਈ.ਪੀ ਨੰਬਰ ਪਲੇਟਾ ਅਤੇ ਹੂੱਟਰ ਲਗਾ ਕੇ ਨਿਯਮਾ ਦੀ ਉਲੰਘਣਾ ਕੀਤੀ ਜਾਦੀ ਹੈ। ਇਸ ਲਈ ਉਕਤ ਹਲਾਤਾ ਨੂੰ ਮੱਦੇ ਨਜਰ ਰੱਖਦੇ ਹੋਏ ਪਬਲਿਕ ਹਿੱਤ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾਂ ਦੇ ਇਲਾਕਾ ਅੰਦਰ ਬੁਲਟ ਮੋਟਰਸਾਈਕਲ ਦੇ ਉਚੀ ਅਵਾਜ ਵਾਲੇ, ਪਟਾਕਾ ਮਾਰਨ ਵਾਲੇ ਸਾਈਲੈਸਰ ਲਗਾਉਣ, ਬਦਲਣ, ਸਟੋਰ ਕਰਨ, ਵੇਚਣ, ਖਰੀਦਣ ਇਸ ਤੋ ਇਲਾਵਾ ਦੋ-ਪਹੀਆ ਅਤੇ ਚਾਰ-ਪਹੀਆ ਵਾਹਨਾ ਤੇ ਵੀ.ਆਈ.ਪੀ ਨੰਬਰ ਪਲੇਟਾ ਅਤੇ ਹੂੱਟਰ ਲਗਾਉਣ ਤੇ ਪਾਬੰਦੀ ਹੁਕਮ ਪਾਸ ਕਰਦਾ ਹਾਂ।

ਇਹ ਹੁਕਮ ਜਾਰੀ ਹੋਣ ਤੋ ਅਗਲੇ ਦੋ ਮਹੀਨੇ ਤੱਕ ਲਾਗੂ ਰਹੇਗਾ ਅਤੇ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾਂ ਵੱਲੋ ਸਰਕਾਰੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 07-12-23 ਤੋ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।
ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 160241-160331 /ਏਸੀ-3 ਮਿਤੀ 7-12-23

ਉਤਾਰਾ:-
1 ਜਿਲ੍ਹਾ ਅਤੇ ਸੈਸ਼ਨ ਜੱਜ, ਲੁਧਿਆਣਾ।
2 ਡਿਪਟੀ ਕਮਿਸਨਰ, ਲੁਧਿਆਣਾ।
3 ਡਿਪਟੀ ਕਮਿਸ਼ਨਰ ਪੁਲਿਸ, ਟ੍ਰੈਫਿਕ, ਲੁਧਿਆਣਾ।
4 ਸਮੂਹ ਨਿਗਰਾਨ ਅਫਸਰ, ਮੁੱਖ ਅਫਸਰ ਥਾਣਾਜਾਤ, ਇੰਚਾਰਜ ਚੌਕੀਆ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾ,
5 ਜਿਲਾ ਲੋਕ ਸੰਪਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ ਸੈਲ,
-ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

352-EM2

**English Branch**
**ਅੰਗਰੇਜੀ ਬ੍ਰਾਂਚ**

## ਹੁਕਮ

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਕਮਿ਼ਸਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਪੈਂਦੇ ਮੇਨ ਚੌਕਾਂ ਅਤੇ ਆਮ ਰਸਤਿਆ, ਭੀੜ ਭੜੱਕੇ ਵਾਲੇ ਜਨਤਕ ਥਾਵਾ ਤੇ ਭਿਖਾਰੀ ਅਕਸਰ ਭੀਖ ਮੰਗਦੇ ਰਹਿੰਦੇ ਹਨ, ਕਈ ਵਾਰ ਇਹ ਭੀਖ ਮੰਗਣ ਦੀ ਤਾਂਗ ਵਿਚ ਤੇਜੀ ਨਾਲ ਭੱਜਕੇ ਤੇਜ ਰਫਤਾਰ ਗੱਡੀਆ ਦੇ ਅਗੇ ਆ ਜਾਦੇ ਹਨ, ਜਿਸ ਕਾਰਨ ਆਮ ਜਨਤਾ ਦੇ ਜਾਨ-ਮਾਲ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਕਈ ਵਾਰ ਸਮਾਜ ਵਿਰੋਧੀ ਅਨਸਰ ਇੰਨ੍ਹਾਂ ਭਿਖਾਰੀਆ ਦਾ ਫਾਇਦਾ ਉਠਾ ਕੇ ਕਿਸੇ ਅਣ-ਸੁਖਾਵੀ ਘਟਨਾਂ ਨੂੰ ਵੀ ਅਨਜਾਮ ਦੇ ਸਕਦੇ ਹਨ। ਇਸ ਲਈ ਇਸ ਪ੍ਰਕਿਰਿਆ ਨੂੰ ਰੋਕਣ ਲਈ ਪਬਲਿਕ ਹਿੱਤ ਵਿਚ ਅਤੇ ਆਂਮ ਜਨਤਾ ਦੀ ਜਾਨ ਮਾਲ ਦੀ ਰਾਖੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ ਕਦਮ ਚੱਕਣ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਭੀਖ ਮੰਗਣ ਤੇ ਪਾਬੰਦੀ ਲਗਾਉਂਦਾ ਹਾਂ।

ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ। ਇਹ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹੇਗਾ। ਇਹ ਹੁੱਕਮ ਲਾਗੂ ਕਰਨ ਲਈ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾਂ ਦੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਸਥਾਨਕ ਅਖਬਾਰਾ ਦੁਆਰਾ ਪ੍ਰਚਾਰ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਨੋਟਿਸ ਬੋਰਡਾਂ ਤੇ ਅਤੇ ਜਿਲ੍ਹਾ ਲੁਧਿਆਣਾਂ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ।

ਇਹ ਹੁਕਮ ਅੱਜ ਮਿਤੀ 07-12-23 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਅਧੀਨ ਜਾਰੀ ਹੋਇਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 159595-685/ਏਸੀ-3 ਮਿਤੀ 7-12-23
ਉਤਾਰਾ:-
1 ਕਮਿਸ਼ਨਰ ਨਗਰ ਨਿਗਮ, ਲੁਧਿਆਣਾਂ,
2 ਸਮੂਹ ਗਜਟਿਡ ਅਫਰਾਨ, ਮੁੱਖ ਅਫਸਰ ਥਾਣਾਂ, ਇੰਚਾਰਜ ਚੋਕੀਆਂ, ਲੁਧਿਆਣਾ
3 ਇੰਚਾਰਜ ਕੰਟਰੋਲ ਰੂਮ, ਲੁਧਿਆਣਾ,
4 ਲੋਕ ਸਪੰਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ,
-ਪਾਸ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਚ**

3512EM2

## ਹੁਕਮ

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਲੁਧਿਆਣਾ ਸਹਿਰ ਅੰਦਰ ਸੜਕਾ/ਫੁੱਟਪਾਥ ਉਪਰ ਰੇਹੜੀਆਂ, ਫੜੀਆਂ, ਖਾਣ ਪੀਣ ਵਾਲੀਆਂ ਵਸਤੂਆ ਵੇਚਣ ਵਾਲਿਆ ਅਤੇ ਦੁਕਾਨਦਾਰਾ ਵਲੋ ਅਪਣੀਆ ਦੁਕਾਨਾ ਦੇ ਬਾਹਰ ਸਮਾਨ ਰੱਖ ਕੇ ਸੜਕਾ ਨੂੰ ਬਿਨਾ ਵਜਾ ਰੋਕਿਆ ਜਾਂਦਾ ਹੈ ਜਿਸ ਕਾਰਨ ਆਮ ਆਵਾਜਾਈ ਵਿਚ ਵਿਘਨ ਪੈਣ ਕਾਰਨ ਆਮ ਜਨਤਾ ਨੂੰ ਕਾਫੀ ਮੁਸਕਲ ਦਾ ਸਾਹਮਣਾ ਕਰਨਾ ਪੈਦਾ ਹੈ ਅਤੇ ਕਈ ਵਾਰ ਇੰਨਾ ਕਾਰਨਾ ਕਰਕੇ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਜਾਦਾ ਹੈ। ਇਸ ਲਈ ਆਮ ਲੋਕਾਂ ਦੀ ਸੁਰਖਿਆ, ਸਹੂਲੀਅਤ ਅਤੇ ਸੁੱਖ ਨੂੰ ਮੁੱਖ ਰੱਖਦੇ ਹੋਏ ਇਸ ਪ੍ਰੀਕ੍ਰਿਆ ਨੂੰ ਰੋਕਣ ਲਈ ਵਿਸੇਸ ਉਪਰਾਲੇ ਕਰਨ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ:- 2) ਦੀ ਧਾਰਾ 144 ਅਧੀਨ ਸੌਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾਂ ਦੇ ਇਲਾਕਾ ਵਿਚ ਆਮ ਜਨਤਾ ਦੀ ਸੁਰੱਖਿਆ ਅਤੇ ਸਹੂਲਤ ਨੂੰ ਮੁੱਖ ਰਖਦੇ ਹੋਏ ਸੜਕਾ/ਫੁੱਟਪਾਥ ਉਪਰ ਰੇਹੜੀਆਂ/ਫੜੀਆਂ ਲਾਉਣ, ਖਾਣ ਪੀਣ ਵਾਲੀਆਂ ਵਸਤੂਆ ਵੇਚਣ ਅਤੇ ਦੁਕਾਨਦਾਰਾ ਵਲੋ ਅਪਣੀਆ ਦੁਕਾਨਾ ਦੇ ਬਾਹਰ ਸੜਕ ਪਰ ਸਮਾਨ ਰੱਖਣ ਤੇ ਪਾਬੰਦੀ ਲਗਾਉਣ ਦਾ ਹੁਕਮ ਪਾਸ ਕਰਦਾ ਹਾਂ ਅਤੇ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾ ਵੱਲੋ ਸਰਕਾਰੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ। ਇਹ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹੇਗਾ।

ਇਹ ਹੁਕਮ ਅੱਜ ਮਿਤੀ 07-12-23 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਅਧੀਨ ਜਾਰੀ ਹੋਇਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 15977-867/ਏਸੀ-3 ਮਿਤੀ 7-12-23

ਉਤਾਰਾ:-

1. ਜਿਲ੍ਹਾ ਅਤੇ ਸੈਸ਼ਨ ਜੱਜ, ਲੁਧਿਆਣਾ।
2. ਡਿਪਟੀ ਕਮਿਸ਼ਨਰ, ਲੁਧਿਆਣਾ,
3. ਸਮੂਹ ਗਜਟਿਡ ਅਫਸਰਾਨ, ਨਿਗਰਾਨ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆਂ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾਂ ਅਤੇ ਇੰਚਾਰਜ ਪ੍ਰੈਸ ਸੈਲ, ਲੁਧਿਆਣਾ।
4. ਜਿਲ੍ਹਾ ਲੋਕ ਸੰਪਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ,
   -ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਚ**

350-EML

## ਹੁਕਮ

ਮਾਨਯੋਗ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੱਲੋ ਉਹਨਾਂ ਦੇ ਦਫਤਰ ਦੇ ਹੁਕਮ ਨੰਬਰ 11/34/2021-4ਐਚ2/1602 ਮਿਤੀ 13.11.2022 ਤਹਿਤ ਰਾਜ ਵਿੱਚ ਅਮਨ ਕਾਨੂੰਨ ਸਥਿਤੀ ਨੂੰ ਕਾਇਮ ਰੱਖਣ ਲਈ ਕਿਸੇ ਵੀ ਭਾਈਚਾਰੇ ਵਿਰੁੱਧ ਨਫਰਤ ਭਰਿਆ ਭਾਸ਼ਣ ਦੇਣ ਪਰ ਪੂਰਨ ਪਾਬੰਦੀ ਲਗਾਈ ਗਈ ਹੈ ਅਤੇ ਹੁਕਮ ਵਿੱਚ ਲਿਖਿਆ ਗਿਆ ਹੈ ਕਿ ਕਿਸੇ ਵੀ ਭਾਈਚਾਰੇ ਵਿਰੁੱਧ ਨਫਰਤ ਭਰਿਆ ਭਾਸ਼ਣ ਦੇਣ ਵਾਲੇ ਵਿਰੁੱਧ ਐਫ.ਆਈ.ਆਰ ਦਰਜ ਕੀਤੀ ਜਾਵੇ ਅਤੇ ਸਬੰਧਤ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਇਸ ਲਈ ਮੈ, ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸਨਰ ਪੁਲਿਸ, ਸਥਾਨਕ, ਲੁਧਿਆਣਾ ਕਮਿਸ਼ਨਰੇਟ ਲੁਧਿਆਣਾ ਜਾਬਤਾ ਫੋਜਦਾਰੀ ਸੰਘਤਾ (ਐਕਟ ਨੰਬਰ-2 ਆਫ, 1974) ਦੀ ਧਾਰਾ 144 ਅਧੀਨ ਸੌਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ, ਆਮ ਪਬਲਿਕ ਹਿੱਤ ਵਿੱਚ ਹੁਕਮ ਪਾਸ ਕਰਦਾ ਹਾ ਕਿ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਅਗਰ ਕਿਸੇ ਵਿਅਕਤੀ ਵੱਲੋ ਉਕਤ ਹੁਕਮ ਦੀ ਉਲੰਘਣਾ ਕੀਤੀ ਜਾਦੀ ਹੈ ਤਾ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇ।

ਇਹ ਹੁਕਮ ਇੱਕ ਤਰਫਾ ਪਬਲਿਕ ਹਿੱਤ ਵਿੱਚ ਪਾਸ ਕੀਤਾ ਜਾਦਾ ਹੈ ਅਤੇ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹਿਣਗੇ।

ਇਹ ਹੁਕਮ ਜਿਲ੍ਹਾ ਲੋਕ ਸੰਪਰਕ ਵਿਭਾਗ ਦੀ ਸਰਕਾਰੀ ਗੱਡੀ/ਪ੍ਰੈਸ/ਰੇਡੀਓ ਰਾਹੀ ਸਮੂਹ ਇਲਾਕਾ ਨਿਵਾਸੀਆਂ ਨੂੰ ਸੂਚਿਤ ਕਰਨਗੇ।

ਇਹ ਹੁਕਮ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਹੇਠ ਮਿਤੀ 07-12-23 ਨੂੰ ਕੀਤਾ ਗਿਆ ਹੈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 160141-231 /ਏਸੀ-3 ਮਿਤੀ 7-12-23

ਉਤਾਰਾ

1. ਜਿਲ੍ਹਾ ਅਤੇ ਸੈਸ਼ਨ ਜੱਜ, ਲੁਧਿਆਣਾ।
2. ਡਿਪਟੀ ਕਮਿਸ਼ਨਰ, ਲੁਧਿਆਣਾ
3. ਸਮੂਹ ਗਜਟਿਡ ਅਫਸਰਾਨ, ਨਿਗਰਾਨ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆਂ, ਸਾਂਝ ਕੇਦਰ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾਂ।
4. ਜਿਲ੍ਹਾ ਲੋਕ ਸੰਪਰਕ ਅਫਸਰ ਅਤੇ ਸਮੂਹ ਪ੍ਰੈਸ, ਲੁਧਿਆਣਾ, ਇੰਚਾਰਜ ਪ੍ਰੈਸ ਸੈੱਲ, ਲੁਧਿਆਣਾ,

-ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

English Branch
ਅੰਗਰੇਜੀ ਬ੍ਰਾਂਚ

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

349-EMR

## ਹੁਕਮ

ਮੇਰੇ ਧਿਆਨ ਵਿਚ ਆਇਆ ਹੈ ਕਿ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਇਲਾਕਾ ਅੰਦਰ ਸਮਾਜ ਵਿਰੋਧੀ ਅਨਸਰਾਂ ਵਲੋ ਮੋਬਾਇਲ ਖੋਹ ਕਰਕੇ ਆਮ ਦੁਕਾਨਦਾਰਾ ਪਾਸ ਵੇਚ ਦਿੱਤੇ ਜਾਦੇ ਹਨ। ਦੁਕਾਨਦਾਰਾ ਵੱਲੋ ਮੋਬਾਇਲ ਖ੍ਰੀਦ ਕਰਦੇ ਸਮੇ ਮੋਬਾਇਲ ਵੇਚਣ ਵਾਲੇ ਅਤੇ ਖ੍ਰੀਦਣ ਵਾਲੇ ਦਾ ਕੋਈ ਵੀ ਸ਼ਨਾਖਤੀ ਪਤਾਂ ਹਾਸਲ ਨਹੀ ਕੀਤਾ ਜਾਦਾ ਹੈ ਅਤੇ ਨਾ ਹੀ ਰਜਿਸਟਰ ਮੇਨਟੇਨ ਕੀਤਾ ਜਾਂਦਾ ਹੈ ਅਜਿਹੀਆ ਵਾਰਦਾਤਾ ਨਾਲ ਆਮ ਪਬਲਿਕ ਵਿਚ ਸਹਿਮ ਦਾ ਮਾਹੌਲ ਪੈਦਾ ਹੁੰਦਾ ਹੈ ਅਤੇ ਕਾਨੂੰਨੀ ਵਿਵਸਥਾ ਦੀ ਸਥਿਤੀ ਵੀ ਬਣੀ ਰਹਿੰਦੀ ਹੈ। ਇਸ ਲਈ ਪਬਲਿਕ ਹਿੱਤ ਵਿਚ ਵਿਸ਼ੇਸ਼ ਕਦਮ ਚੁੱਕਣ ਦੀ ਜਰੂਰਤ ਹੈ।

ਇਸ ਲਈ ਮੈ, ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ:-2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਅਤੇ ਪਬਲਿਕ ਹਿੱਤ ਵਿੱਚ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕੇ ਅੰਦਰ ਸਮੂਹ ਦੁਕਾਨਦਾਰ ਜੋ ਮੋਬਾਇਲ ਵੇਚਣ ਅਤੇ ਖ੍ਰੀਦਣ ਦਾ ਕੰਮ ਕਰਦੇ ਹਨ ਉਨਾ ਦੁਕਾਨਾ ਦੇ ਮਾਲਕਾ ਨੂੰ ਹੁਕਮ ਦਿੰਦਾ ਹਾਂ ਕਿ ਕੋਈ ਵੀ ਮੋਬਾਇਲ ਵੇਚਣ ਅਤੇ ਖ੍ਰੀਦਣ ਸਮੇ ਵੇਚਕਾਰ ਅਤੇ ਖ੍ਰੀਦਕਾਰ ਦਾ ਪੂਰਾ ਸ਼ਨਾਖਤੀ ਰਿਕਾਰਡ ਹਾਸਲ ਕਰਕੇ ਰਜਿਸਟਰ ਮੇਨਟੇਨ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿਚ ਲਿਆਦੀ ਜਾਵੇਗੀ।

ਇਹ ਹੁਕਮ ਜਿਲ੍ਹਾਂ ਲੋਕ ਸਪੰਰਕ ਅਫਸਰ ਲੁਧਿਆਣਾ ਦੀ ਪ੍ਰਚਾਰ ਗੱਡੀ ਰਾਹੀ ਪ੍ਰਚਾਰ ਕਰਵਾ ਕੇ ਥਾਣਿਆ ਦੇ ਨੋਟਿਸ ਬੋਰਡਾਂ ਅਤੇ ਆਮ ਪਬਲਿਕ ਥਾਵਾ ਤੇ ਇਸ ਹੁਕਮ ਦੀ ਨਕਲ ਚਿਪਕਾਕੇ ਲਾਗੂ ਕੀਤਾ ਜਾਵੇਗਾ ਅਤੇ ਇਹ ਜਾਰੀ ਹੋਣ ਦੀ ਮਿਤੀ ਤੋ 02 ਮਹੀਨੇ ਤੱਕ ਲਾਗੂ ਰਹੇਗਾ।

ਇਹ ਹੁਕਮ ਮਿਤੀ 07-12-23 ਨੂੰ ਮੇਰੇ ਦਸਤਖਤਾ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।
ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 16050-16140 /ਏ.ਸੀ-3, ਮਿਤੀ 7-12-23

ਉਤਾਰਾ:-
1 ਡਿਪਟੀ ਕਮਿਸਨਰ, ਲੁਧਿਆਣਾ
2 ਸਮੂਹ ਗਜਟਿਡ ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆ, ਲੁਧਿਆਣਾ।
3 ਜਿਲਾ ਲੋਕ ਸਪੰਰਕ ਅਫਸਰ, ਲੁਧਿਆਣਾ

-ਪਾਸ ਸੂਚਨਾ ਹਿੱਤ ਅਤੇ ਲੋੜੀਦੀ ਕਾਰਵਾਈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਚ**

3484/ML

## ਹੁਕਮ

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਪੈਦੇ ਬੱਸ ਸਟਾਪ, ਰੇਲਵੇ ਗੇਟ ਕਰਾਸਿੰਗ ਚੋਕ, ਟ੍ਰੈਫਿਕ ਲਾਈਟਾ ਵਗੈਰਾ ਵਿਖੇ ਨਜਾਇਜ ਤੋਰ ਤੇ ਤੰਬਾਕੂ ਦੀ ਵਿਕਰੀ ਹੋਣ ਕਰਕੇ ਇਸ ਦਾ ਮਰਦ, ਔਰਤਾ ਅਤੇ ਬੱਚਿਆ ਦੀ ਸਿਹਤ ਪਰ ਬੁਰਾ ਪ੍ਰਭਾਵ ਪੈਦਾ ਹੈ ਅਤੇ ਤੰਬਾਕੂ ਦਾ ਸੇਵਨ ਕਰਨ ਵਾਲਿਆ ਵੱਲੋ ਅਕਸਰ ਜਨਤਕ ਥਾਵਾ ਪਰ ਖੁੱਲੇਆਮ ਥੁਕਿਆ ਜਾਦਾ ਹੈ। ਕਰੋਨਾ ਵਾਈਰਸ ਦੀ ਬੀਮਾਰੀ ਫੈਲਣ ਦੇ ਡਰ ਕਾਰਨ ਆਮ ਜਨਤਕ ਥਾਵਾ ਤੇ ਖੁੱਲੇਆਮ ਥੁੱਕਣ ਨੂੰ ਰੋਕਿਆ ਜਾਣਾ ਅਤਿ ਜਰੂਰੀ ਹੈ। ਇਸ ਲਈ ਕਰੋਨਾ ਵਾਈਰਸ ਦੀ ਬੀਮਾਰੀ ਨੂੰ ਲੈ ਕੇ ਰੋਕ ਲਗਾਉਣ ਲਈ ਵਿਸ਼ੇਸ਼ ਕਦਮ ਚੁੱਕਣ ਦੀ ਲੋੜ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾਂ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਸੌਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਬੱਸ ਸਟਾਪ, ਰੇਲਵੇ ਗੇਟ ਕਰਾਸ਼ਿੰਗ ਚੋਕ, ਟ੍ਰੈਫਿਕ ਲਾਈਟਾ ਵਗੈਰਾ ਵਿਖੇ ਤੰਬਾਕੂ ਦੀ ਵਿਕਰੀ ਕਰਨ, ਸੇਵਨ ਕਰਨ ਅਤੇ ਸੇਵਨ ਕਰਨ ਅਤੇ ਜਨਤਕ ਥਾਵਾ ਪਰ ਖੁੱਲੇਆਮ ਥੁੱਕਣ ਪਰ ਤੁਰੰਤ ਪਾਬੰਦੀ ਲਗਾਉਦਾ ਹਾਂ।

ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ। ਇਹ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹੇਗਾ। ਇਹ ਹੁਕਮ ਲਾਗੂ ਕਰਨ ਲਈ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾਂ ਦੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਸਥਾਨਕ ਅਖਬਾਰਾ ਦੁਆਰਾ ਪ੍ਰਚਾਰ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਨੋਟਿਸ ਬੋਰਡਾਂ ਤੇ ਅਤੇ ਜਿਲ੍ਹਾ ਲੁਧਿਆਣਾਂ ਦੀਆਂ ਉੱਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ।

ਇਹ ਹੁਕਮ ਅੱਜ ਮਿਤੀ 07-12-23 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਅਧੀਨ ਜਾਰੀ ਹੋਇਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 15950-90/ਏਸੀ-3 ਮਿਤੀ 7-12-23

ਉਤਾਰਾ:-

1. ਕਮਿਸ਼ਨਰ ਨਗਰ ਨਿਗਮ, ਲੁਧਿਆਣਾਂ,
2. ਸਮੂਹ ਗਜਟਿਡ ਅਫਰਾਨ, ਮੁੱਖ ਅਫਸਰ ਥਾਣਾਂ, ਇੰਚਾਰਜ ਚੌਕੀਆਂ,
3. ਇੰਚਾਰਜ ਕੰਟਰੋਲ ਰੂਮ, ਲੁਧਿਆਣਾ,
4. ਲੋਕ ਸਪੰਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ,

-ਪਾਸ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਂਚ**

341-EML

## ਹੁਕਮ

ਮੇਰੇ ਧਿਆਨ ਵਿੱਚ ਲਿਆਦਾ ਗਿਆ ਹੈ ਕਿ ਮੱਛੀ ਦੇ ਵਿਕਾਸ ਦੇ ਪ੍ਰੋਗਰਾਮ ਰਾਹੀ ਪੰਜਾਬ ਰਾਜ ਨੀਲੀ ਕ੍ਰਾਤੀ ਦੀ ਰਾਹ ਤੇ ਚੱਲ ਰਿਹਾ ਹੈ। ਰਾਜ ਪ੍ਰਤੀ ਹੈਕਟੇਅਰ ਮੱਛੀ ਉਤਪਾਦਨ ਵਿਚ ਦੇਸ਼ ਭਰ ਵਿਚ ਪਹਿਲੇ ਨੰਬਰ ਤੇ ਹੈ ਪਰੰਤੂ ਕੁਝ ਗੈਰ ਜਿੰਮੇਵਾਰ ਮੁਨਾਫੇ ਖੋਰਾਂ ਵੱਲੋ ਦੂਸਰੇ ਦੇਸ਼ਾ ਵਿਚੋ ਮਗੂਰ ਮੱਛੀ ਨੂੰ ਚੋਰੀ ਛਿਪੇ ਇੱਥੇ ਲਿਆਦਾ ਜਾਦਾ ਹੈ ਅਤੇ ਉਹਨਾਂ ਵੱਲੋ ਇਸ ਮੱਛੀ ਨੂੰ ਪ੍ਰਫੁੱਲਤ ਕੀਤਾ ਜਾ ਰਿਹਾ ਹੈ ਇੱਥੋ ਤੱਕ ਕਿ ਇਹ ਮੱਛੀ ਆਪਣੀ ਕਿਸਮ ਦੀ ਮੱਛੀ ਨੂੰ ਵੀ ਖਾ ਜਾਦੀ ਹੈ। ਛੱਪੜਾਂ, ਡੰਗਰਾਂ ਨੂੰ ਵੀ ਬਹੁਤ ਨੁਕਸਾਨ ਪਹੁੰਚਾਉਦੀ ਹੈ। ਭਾਰਤੀ ਮੱਛੀਆ ਲਈ ਇਹ ਬਹੁਤ ਹਾਨੀਕਾਰਕ ਹੈ, ਜੇਕਰ ਇਹ ਰਾਜ ਦੇ ਕੁਦਰਤੀ ਪਾਣੀਆਂ ਵਿਚ ਮਿਲ ਜਾਦੀ ਹੈ ਤਾਂ ਪਾਣੀ ਵਾਲੇ ਦੂਸਰੇ ਜੀਵਾਂ ਲਈ ਇਹ ਬਹੁਤ ਖਤਰਨਾਕ ਸਾਬਤ ਹੋਵੇਗੀ। ਇਸ ਲਈ ਵਿਦੇਸ਼ੀ ਮਗੂਰ ਨੂੰ ਪ੍ਰਫੁਲਤ ਕਰਨ ਅਤੇ ਵੇਚਣ ਸਬੰਧੀ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਪਬਲਿਕ ਸੁਰੱਖਿਆ ਅਤੇ ਜਨਤਾ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਕਦਮ ਉਠਾਏ ਜਾਣ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੋਜਦਾਰੀ ਸੰਘਤਾ 1973 (1974 ਦਾ ਐਕਟ ਨੰ:-2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕੇ ਅੰਦਰ ਪਬਲਿਕ ਸੁਰੱਖਿਆ ਅਤੇ ਜਨਤਾ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਪਬਲਿਕ ਹਿੱਤ ਵਿੱਚ ਵਿਦੇਸ਼ੀ ਮਾਗਰੂ ਮੱਛੀ ਪ੍ਰਫੁੱਲਤ (ਪਾਲਣ) ਅਤੇ ਵੇਚਣ ਤੇ ਤੁਰੰਤ ਮੁਕੰਮਲ ਪਾਬੰਦੀ ਲਗਾਉਣ ਦਾ ਹੁਕਮ ਪਾਸ ਕਰਦਾ ਹਾਂ। ਇਹ ਹੁਕਮ ਪਾਸ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਲਾਗੂ ਰਹੇਗਾ ਅਤੇ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾਂ ਵਲੋ ਸਰਕਾਰੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁੱਕਮ ਅੱਜ ਮਿਤੀ 07-12-23 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਹੋਇਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ, (ਸਥਾਨਕ), ਲੁਧਿਆਣਾ

ਨੰਬਰ 159409-99 /ਏਸੀ-3 ਮਿਤੀ 7-12-23

ਉਤਾਰਾ
1. ਡਿਪਟੀ ਕਮਿਸ਼ਨਰ ਲੁਧਿਆਣਾ,
2. ਸਹਾਇਕ ਡਾਇਰੈਕਟਰ, ਮੱਛੀ ਪਾਲਣ, ਲੁਧਿਆਣਾ
3. ਜਿਲ੍ਹਾ ਲੋਕ ਸੰਪਰਕ ਅਫਸਰ, ਲੁਧਿਆਣਾ ਅਤੇ ਸਮੂਹ ਪ੍ਰੈਸ,
4. ਸਮੂਹ ਨਿਗਰਾਨ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆਂ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾ-ਪਾਸ ਸੂਚਨਾ ਅਤੇ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਂਚ**

3466/ML

## ਹੁਕਮ

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਤੇਜਾਬ ਦੀ ਗੈਰ ਕਾਨੂੰਨੀ ਤੌਰ ਤੇ ਵਿਕਰੀ ਹੋ ਰਹੀ ਹੈ। ਇਹ ਇਕ ਜਲਨਸ਼ੀਲ ਪਦਾਰਥ ਹੈ ਅਤੇ ਮਨੁੱਖੀ ਜਿੰਦਗੀ ਲਈ ਖਤਰਨਾਕ ਅਤੇ ਘਾਤਕ ਹੈ। ਇਸ ਪਦਾਰਥ ਦੀ ਸਹੀ ਵਰਤੋ ਨੂੰ ਯਕੀਨੀ ਬਣਾਇਆ ਜਾਣਾ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਲਈ ਜਰੂਰੀ ਹੈ ਅਤੇ ਇਸ ਦੀ ਗੈਰ ਕਾਨੂੰਨੀ ਵਰਤੋ ਨੂੰ ਰੋਕਣ ਲਈ ਪਬਲਿਕ ਹਿੱਤ ਵਿਚ ਸਖਤ ਕਦਮ ਚੁੱਕਣ ਦੀ ਜਰੂਰਤ ਹੈ।

ਇਸ ਲਈ, ਮੈ, ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਅਧੀਨ ਸੌਂਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਕਮਿਸ਼ਨਰੇਟ ਲੁਧਿਆਣਾ ਦੇ ਏਰੀਏ ਅੰਦਰ ਤੇਜਾਬ ਦੀ ਸਹੀ ਵਿਕਰੀ ਨੂੰ ਯਕੀਨੀ ਬਣਾਉਣ ਲਈ ਹੇਠ ਲਿਖੇ ਅਨੁਸਾਰ ਹੁਕਮ ਜਾਰੀ ਕਰਦਾ ਹਾਂ। ਇਹ ਹੁਕਮ ਤਰੁੰਤ ਲਾਗੂ ਹੋਵੇਗਾ ਅਤੇ ਜਾਰੀ ਹੋਣ ਦੀ ਮਿਤੀ ਤੋ ਦੋ ਮਹੀਨੇ ਤੱਕ ਅਮਲ ਵਿਚ ਰਹਿਣਗੇ :-

1 ਬਿਨਾਂ ਲਾਇਸੰਸ ਤੋ ਤੇਜਾਬ ਦੀ ਵਿਕਰੀ ਤੁਰੰਤ ਬੰਦ ਕੀਤੀ ਜਾਂਦੀ ਹੈ। ਕੇਵਲ ਲਾਇਸੰਸਧਾਰੀ ਵਿਅਕਤੀ ਹੀ ਵਿਕਰੀ ਕਰ ਸਕਦਾ ਹੈ ਅਤੇ ਆਪਣੇ ਲਾਇਸੰਸ ਨੂੰ ਸਮੇ-2 ਸਿਰ ਰੀਨਿਓ ਕਰਵਾਉਣ ਦਾ ਜਿੰਮੇਵਾਰ ਹੋਵੇਗਾ।

2 ਲਾਇਸੰਸਧਾਰੀ ਵਿਅਕਤੀ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਜਿਸ ਵਿਅਕਤੀ ਨੂੰ ਤੇਜਾਬ ਵੇਚਿਆ ਜਾਣਾ ਹੈ, ਉਸ ਦਾ ਪਹਿਚਾਣ ਪੱਤਰ, ਵੋਟਰ ਕਾਰਡ ਅਤੇ ਮੁਕੰਮਲ ਐਡਰੈਸ ਹਾਸਲ ਕੀਤਾ ਜਾਵੇਗਾ।

3 18 ਸਾਲ ਦੀ ਉਮਰ ਤੋ ਘੱਟ ਕਿਸੇ ਨੂੰ ਵੀ ਤੇਜਾਬ ਨਹੀ ਵੇਚਿਆ ਜਾਵੇਗਾ।

4 ਲਾਇਸੰਸਧਾਰੀ ਵਿਅਕਤੀ ਤੇਜਾਬ ਰੱਖਣ ਸਬੰਧੀ ਮੁਕੰਮਲ ਰਜਿਸਟਰ ਲਗਾਕੇ ਸਟਾਕ ਬਾਰੇ, ਰੋਜਾਨਾ ਦੀ ਵਿਕਰੀ ਸਬੰਧੀ ਵਿਸਥਾਰ ਪੂਰਵਕ ਰਿਪੋਰਟ ਸਬੰਧਤ ਪੁਲਿਸ ਸਟੇਸ਼ਨ ਅਤੇ ਸਬੰਧਤ ਸਮਰੱਥ ਅਧਿਕਾਰੀ ਨੂੰ ਭੇਜਣ ਦਾ ਜਿੰਮੇਵਾਰ ਹੋਵੇਗਾ ਅਤੇ ਹਰ 15 ਦਿਨਾ ਬਾਅਦ ਸਟਾਕ ਵਿੱਚ ਪਏ ਤੇਜਾਬ ਸਬੰਧੀ ਹਲਕਾ ਮੈਜਿਸਟਰੇਟ (ਐਸ.ਡੀ.ਐਮ) ਪਾਸ ਸੂਚਨਾ ਭੇਜਣ ਦਾ ਪਾਬੰਦ ਹੋਵੇਗਾ।

5 ਲਾਇਸੰਸਧਾਰੀ ਵਿਅਕਤੀ ਇਸ ਗੱਲ ਨੂੰ ਯਕੀਨੀ ਬਣਾਵੇਗਾ ਕਿ ਤੇਜਾਬ ਦੀ ਵਰਤੋ ਸਬੰਧੀ ਜਦੋ ਵੀ ਕਿਸੇ ਹਸਪਤਾਲ, ਇੰਡਸਟਰੀਜ, ਸਰਕਾਰੀ ਵਿਭਾਗ ਜਾਂ ਕਿਸੇ ਹੋਰ ਸੈਮੀ ਅਦਾਰੇ ਨੂੰ ਵੇਚੇਗਾ ਤਾ ਉਸ ਅਦਾਰੇ ਦੇ ਮੁੱਖੀ ਦੀ ਸ਼ਨਾਖਤ ਅਤੇ ਮੁਕੰਮਲ ਵੇਰਵਾ ਹਾਸਲ ਕਰਨ ਉਪਰੰਤ ਹੀ ਤੇਜਾਬ ਦੇਣ ਦਾ ਜਿੰਮੇਵਾਰ ਹੋਵੇਗਾ। ਤੇਜਾਬ ਹਾਸਲ ਕਰਨ ਵਾਲਾ ਅਜਿਹਾ ਅਦਾਰਾ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਕਿਸੇ ਜਿੰਮੇਵਾਰ ਵਿਅਕਤੀ ਦੀ ਦੇਖ ਰੇਖ ਵਿਚ ਰੱਖਿਆ ਜਾਵੇ ਅਤੇ ਤੇਜਾਬ ਦੇ ਸਟਾਕ ਅਤੇ ਵਰਤੋ ਸਬੰਧੀ ਰਜਿਸਟਰ ਵਿਚ ਇੰਦਰਾਜ ਕਰਕੇ ਇਸ ਦੀ ਸਹੀ ਵਰਤੋ ਨੂੰ ਯਕੀਨੀ ਬਣਾਉਣ ਦਾ ਜਿੰਮੇਵਾਰ ਹੋਵੇਗਾ।

ਇਹ ਹੁਕਮ ਇਕ ਤਰਫਾ ਪਾਸ ਕਰਕੇ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਲਾਗੂ ਕਰਨ ਲਈ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾ ਦੇ ਵਹੀਕਲ ਰਾਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 07-12-23 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ, (ਸਥਾਨਕ), ਲੁਧਿਆਣਾ

ਨੰਬਰ 15968-776/ਏਸੀ-3 ਮਿਤੀ 7-12-23

ਉਤਾਰਾ:- ਡਿਪਟੀ ਕਮਿਸ਼ਨਰ ਲੁਧਿਆਣਾ
1 ਜਿਲਾ ਲੋਕ ਸਪੰਰਕ ਅਫਸਰ, ਲੁਧਿਆਣਾ ਅਤੇ ਸਮੂਹ ਪ੍ਰੈਸ ਸੈਲ,
2 ਸਮੂਹ ਨਿਗਰਾਨ ਅਫਸਰ, ਮੁੱਖ ਅਫਸਰ ਥਾਣਾਜਾਤ, ਇੰਚਾਰਜ ਚੌਕੀਆ, ਇੰਚਾਰਜ ਸਿਟੀ
3 ਟਰੈਫਿਕ ਅਤੇ ਜਿਲਾ ਕੰਟਰੋਲ ਰੂਮ ਲੁਧਿਆਣਾ।
-ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਂਚ**

3456MR

## ਹੁਕਮ

ਇਸ ਦਫਤਰ ਦੇ ਧਿਆਨ ਵਿਚ ਆਇਆ ਹੈ ਕਿ ਕਮਿਸ਼ਨਰੇਟ ਲੁਧਿਆਣਾ ਦੀਆ ਵੱਖ-2 ਸੜਕਾਂ ਤੇ ਜੋ ਮੈਰਿਜ ਪੈਲੇਸ ਸਥਿਤ ਹਨ ਉਨਾ ਵਿਚ ਆਮ ਜਨਤਾ ਵੱਲੋ ਵਿਆਹ ਸ਼ਾਦੀਆ ਅਤੇ ਹੋਰ ਖੁਸੀ ਦੇ ਸਮਾਗਮਾ ਦੇ ਮੌਕੇ ਤੇ ਸੜਕਾਂ ਤੇ ਸ਼ਰੇਆਮ ਪਟਾਕੇ ਆਦਿ ਚਲਾਏ ਜਾਦੇ ਹਨ, ਬੈਡ ਵਾਜੇ ਵਜਾ ਕੇ ਨੱਚਦੇ ਹਨ, ਪਾਲਕੀ, ਹਾਥੀ, ਘੋੜੇ ਜਿੰਨਾ ਪਰ ਵਿਆਹ ਵਾਲਾ ਮੁੰਡਾ ਬੈਠਾ ਹੁੰਦਾ ਹੈ, ਸੜਕ ਦੇ ਵਿਚਕਾਰ ਹੁੰਦੇ ਹਨ ਅਤੇ ਮੈਰਿਜ ਪੈਲੇਸ ਪਰ ਗੱਡੀਆ ਦੀ ਪਾਰਕਿੰਗ ਸੜਕ ਉਤੇ ਕਰ ਦਿੱਤੀ ਜਾਂਦੀ ਹੈ। ਜਿਸ ਨਾਲ ਸੜਕ ਦਾ ਕਾਫੀ ਹਿੱਸਾ ਰੁੱਕ ਜਾਦਾ ਹੈ ਅਤੇ ਆਮ ਆਵਾਜਾਈ ਵਿਚ ਵਿਘਨ ਪੈਦਾ ਹੈ, ਜਿਆਦਾ ਆਵਾਜਾਈ ਹੋਣ ਕਾਰਨ ਟ੍ਰੈਫਿਕ ਜਾਮ ਹੋ ਜਾਦਾ ਹੈ। ਜਿਸ ਨਾਲ ਆਮ ਜਨਤਾ ਨੂੰ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਦਾ ਹੈ। ਇਸ ਲਈ ਆਮ ਲੋਕਾਂ ਦੀ ਸੁਰੱਖਿਆ, ਸਹੂਲੀਅਤ ਅਤੇ ਸੁੱਖ ਨੂੰ ਮੁੱਖ ਰੱਖਦੇ ਹੋਏ ਇਸ ਪ੍ਰਕ੍ਰਿਆ ਨੂੰ ਰੋਕਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਸੌਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾਂ ਦੇ ਇਲਾਕਾ ਵਿਚ ਆਮ ਜਨਤਾ ਦੀ ਭਾਵਨਾਵਾ ਨੂੰ ਮੁੱਖ ਰਖਦੇ ਹੋਏ ਵਿਆਹ ਸਾਦੀਆ ਅਤੇ ਖੁਸੀ ਤੇ ਸਮਾਗਮਾ ਦੌਰਾਨ ਸ਼ਰੇਆਮ ਸੜਕ ਉਤੇ ਪਟਾਕੇ ਚਲਾਉਣ ਅਤੇ ਕੋਈ ਵੀ ਗੈਰ ਕਾਨੂੰਨੀ ਕਾਰਵਾਈ ਜਿਸ ਨਾਲ ਸੜਕ ਪਰ ਆਵਾਜਾਈ ਵਿਚ ਵਿਘਨ ਪੈਦਾ ਹੋਵੇ ਅਤੇ ਆਮ ਜੰਨਤਾ ਨੂੰ ਮੁਸ਼ਕਲ ਪੇਸ ਆਉਦੀ ਹੋਵੇ ਤੇ ਪਾਬੰਦੀ ਲਗਾਉਣ ਦਾ ਹੁਕਮ ਪਾਸ ਕਰਦਾ ਹਾਂ। ਇਹ ਹੁਕਮ ਜਾਰੀ ਹੋਣ ਤੋ ਅਗਲੇ ਦੋ ਮਹੀਨੇ ਤੱਕ ਲਾਗੂ ਰਹੇਗਾ ਅਤੇ ਜਿਲਾ ਲੋਕ ਸਪੰਰਕ ਵਿਭਾਗ ਲੁਧਿਆਣਾਂ ਵੱਲੋ ਸਰਕਾਰੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 07-12-23 ਤੋ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਡਿਪਟੀ ਕਮਿਸ਼ਨਰ ਪੁਲਿਸ,
(ਸਥਾਨਕ), ਲੁਧਿਆਣਾ

ਨੰਬਰ 159868-958 /ਏਸੀ-3 ਮਿਤੀ 7-12-23

ਉਤਾਰਾ:-
1. ਜਿਲ੍ਹਾ ਅਤੇ ਸ਼ੈਸ਼ਨ ਜੱਜ, ਲੁਧਿਆਣਾ।
2. ਡਿਪਟੀ ਕਮਿਸਨਰ, ਲੁਧਿਆਣਾ।
3. ਸਮੂਹ ਨਿਗਰਾਨ ਅਫਸਰ, ਮੁੱਖ ਅਫਸਰ ਥਾਣਾ ਜਾਤ, ਇੰਚਾਰਜ ਚੌਕੀਆ ਅਤੇ ਇੰਚਾਰਜ ਕੰਟਰੋਲ ਰੂਮ ਲੁਧਿਆਣਾ,
4. ਜਿਲਾ ਲੋਕ ਸੰਪਰਕ ਅਫਸਰ, ਲੁਧਿਆਣਾ ਅਤੇ ਸਮੂਹ ਪ੍ਰੈਸ ਲੁਧਿਆਣਾ -ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

OFFICE OF THE
COMMISSIONER OF POLICE,
LUDHIANA.

ਦਫਤਰ
ਕਮਿਸ਼ਨਰ ਪੁਲਿਸ
ਲੁਧਿਆਣਾ

**English Branch**
**ਅੰਗਰੇਜੀ ਬ੍ਰਾਚ**

344/EM2

## ਹੁਕਮ

ਸਿਵਲ ਸਰਜਨ, ਲੁਧਿਆਣਾ ਵੱਲੋ ਪੱਤਰ ਨੰਬਰ 159 ਮਿਤੀ 06-04-2017 ਰਾਹੀ ਇਸ ਦਫਤਰ ਦੇ ਧਿਆਨ ਵਿਚ ਲਿਆਦਾ ਹੈ ਕਿ ਸਰਕਾਰ ਵੱਲੋ ਅਰਧ ਸਰਕਾਰੀ ਪੱਤਰ ਨੰ: PS/PHFW/2015/1990 ਮਿਤੀ 07-09-2015 ਰਾਹੀ ਹੁੱਕਾ ਬਾਰ ਵਿਰੁੱਧ ਧਾਰਾ 144 ਸੀ.ਆਰ.ਪੀ.ਸੀ. ਲਾਗੂ ਕਰਨ ਲਈ ਲਿਖਿਆ ਗਿਆ ਹੈ। ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅੰਦਰ ਵੱਖ-ਵੱਖ ਥਾਵਾਂ ਪਰ ਹੁੱਕਾ ਬਾਰ ਚਲਾਏ ਜਾ ਰਹੇ ਹਨ। ਜਿਨ੍ਹਾਂ ਅੰਦਰ ਤੰਬਾਕੂ, ਸਰਾਬ, ਸਿਗਰਟ, ਮਨੁੱਖੀ ਸਰੀਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੈਮੀਕਲਾਂ ਦਾ ਇਸਤਮਾਲ ਕੀਤਾ ਜਾਦਾ ਹੈ ਅਤੇ ਇਲੈਕਟ੍ਰਿਕ ਸਿਗਰਟ ਜੋ ਆਮ ਦੂਕਾਨਾ ਪਰ ਵਿਕ ਰਹੀ ਹੈ। ਜੋ ਮਨੁੱਖੀ ਸਰੀਰ ਲਈ ਕਾਫੀ ਘਾਤਕ ਹਨ ਅਤੇ ਸਮਾਜ ਵਿਚ ਮਾੜਾ ਪ੍ਰਭਾਵ ਪੈਦਾ ਹੈ। ਇਸ ਲਈ ਮਨੁੱਖੀ ਸਰੀਰ ਨੂੰ ਘਾਤਕ ਬਿਮਾਰੀਆਂ ਅਤੇ ਵਿਸ਼ੇਸ਼ ਤੌਰ ਤੇ ਨੋਜਵਾਨ ਵਰਗ ਨੂੰ ਅਜਿਹੇ ਨਸ਼ਿਆਂ ਤੋ ਬਚਾਉਣ ਲਈ ਵਿਸ਼ੇਸ਼ ਕਦਮ ਚੁੱਕਣ ਦੀ ਜਰੂਰਤ ਹੈ।

ਇਸ ਲਈ ਮੈ ਰੁਪਿੰਦਰ ਸਿੰਘ, ਪੀ.ਪੀ.ਐਸ, ਡਿਪਟੀ ਕਮਿਸ਼ਨਰ ਪੁਲਿਸ, ਸਥਾਨਕ, ਲੁਧਿਆਣਾ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਸੋਂਪੇ ਗਏ ਅਧਿਕਾਰਾ ਦੀ ਵਰਤੋ ਕਰਦਾ ਹੋਇਆ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕਾ ਅਜਿਹੇ ਗੈਰ ਕਾਨੂੰਨ ਹੁੱਕਾ ਬਾਰ ਚਲਾਉਣ ਅਤੇ ਇਲੈਕਟ੍ਰਿਕ ਸਿਗਰਟ (ਵੇਬ) ਲੋਕਲ ਮਾਰਕੀਟ ਅੰਦਰ ਵੇਚਣ ਤੇ ਪਬਲਿਕ ਹਿੱਤ ਵਿਚ ਪਾਬੰਦੀ ਲਗਾਉਦਾ ਹਾਂ। ਅਗਰ ਇਹਨਾ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾ ਧਾਰਾ 188,269 ਅਤੇ 270 ਭ:ਦੰਡ ਤਹਿਤ ਦੰਡਣ ਯੋਗ ਹੋਵੇਗਾ।

ਇਹ ਹੁਕਮ ਲਾਗੂ ਹੋਣ ਦੀ ਮਿਤੀ ਤੋ 02 ਮਹੀਨੇ ਤੱਕ ਲਾਗੂ ਰਹੇਗਾ ਅਤੇ ਇਹ ਹੁਕਮ ਜਿਲਾ ਲੋਕ ਸਪੰਰਕ ਵਿਭਾਗ, ਲੁਧਿਆਣਾ ਵਲੋ ਸਰਕਾਰੀ ਵਹੀਕਲ ਰਾਂਹੀ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 07-12-23 ਤੋ ਆਮ ਪਬਲਿਕ ਦੇ ਨਾਮ ਪਰ ਜਾਰੀ ਕੀਤਾ ਜਾਂਦਾ ਹੈ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।

ਨੰਬਰ 159959-160049/ਏਸੀ-3 ਮਿਤੀ 7-12-23

ਉਤਾਰਾ:-
1 ਜਿਲ੍ਹਾ ਅਤੇ ਸੈਸਨ ਜੱਜ, ਲੁਧਿਆਣਾ।
2 ਡਿਪਟੀ ਕਮਿਸਨਰ, ਲੁਧਿਆਣਾ।
3 ਸਿਵਲ ਸਰਜਨ, ਲੁਧਿਆਣਾ।
4 ਸਮੂਹ ਗਜਟਿਡ ਅਫਸਰ, ਮੁੱਖ ਅਫਸਰ ਥਾਣਾ ਜਾਤ ਅਤੇ ਇੰਚਾਰਜ ਚੌਕੀਆ ਪਾਸ ਸੂਚਨਾ ਅਤੇ ਪਾਲਣਾ ਹਿੱਤ।
5 ਜਿਲਾ ਲੋਕ ਸੰਪਰਕ ਅਫਸਰ ਲੁਧਿਆਣਾ ਅਤੇ ਸਮੂਹ ਪ੍ਰੈਸ -ਪਾਸ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ।

ਰੁਪਿੰਦਰ ਸਿੰਘ, ਪੀ.ਪੀ.ਐਸ,
ਡਿਪਟੀ ਕਮਿਸ਼ਨਰ ਪੁਲਿਸ,
ਸਥਾਨਕ, ਲੁਧਿਆਣਾ।